## ਪੰਜਾਬ ਸਕੂਲ ਸਿੱਖਿਆ ਬੋਰਡ

### (INA ਦੇ ਅੰਕ ਦਰਜ਼ ਕਰਨ ਸਬੰਧੀ ਹਦਾਇਤਾਂ)

01. Scheme Of Study ਅਨੁਸਾਰ ਵਿਸ਼ੇ ਵਾਈਜ਼ INA ਦੇ ਅੰਕ ਭਰਨੇ ਲਾਜ਼ਮੀ ਹਨ।
02. INA ਦੇ ਅੰਕ ਭਰਨ ਲਈ Drop Down List ਵਿਚੋਂ ਅੰਕ Choose ਕੀਤੇ ਜਾਣ।
03. ਜੇਕਰ ਪ੍ਰੀਖਿਆਰਥੀ ਗੈਰ-ਹਾਜ਼ਰ ਹੈ ਤਾਂ INA ਵਿੱਚ Drop Down List ਵਿਚੋਂ ABS Choose ਕੀਤਾ ਜਾਵੇ।
04. ਜੇਕਰ ਪ੍ਰੀਖਿਆਰਥੀ ਦੀ ਯੋਗਤਾ ਰੱਦ ਹੈ ਤਾਂ INA ਵਿੱਚ Drop Down List ਵਿਚੋਂ CAN Choose ਕੀਤਾ ਜਾਵੇ।
05. ਆਪਣੇ ਪੱਧਰ ਤੇ ਸਕੂਲ ਨੂੰ ਆਨ-ਲਾਈਨ ਕੋਈ ਵੀ ਵਿਸ਼ਾ ਤਬਦੀਲ ਕਰਨ ਦੀ ਆਗਿਆ ਨਹੀਂ ਹੈ।
06. ਫਾਈਨਲ ਸਬਮਿਟ ਕਰਨ ਤੋਂ ਪਹਿਲਾਂ Rough Print Out ਲੈ ਕੇ ਪ੍ਰੀਖਿਆਰਥੀਆਂ ਦੇ ਵਿਸ਼ੇਵਾਰ ਭਰੇ ਅੰਕ ਚੈੱਕ ਕਰ ਲਏ ਜਾਣ, ਜੇਕਰ ਕੋਈ ਤਰੁੱਟੀ ਹੈ ਤਾਂ ਆਨ-ਲਾਈਨ ਸੋਧ ਤੁਰੰਤ ਕਰ ਲਈ ਜਾਵੇ।
07. ਫਾਈਨਲ ਸਬਮਿਟ ਕਰਨ ਉਪਰੰਤ ਆਨ-ਲਾਈਨ ਡਾਟਾ ਲਾਕ ਹੋ ਜਾਵੇਗਾ ਅਤੇ ਅੰਕਾਂ ਸਬੰਧੀ ਕਿਸੇ ਵੀ ਪ੍ਰਕਾਰ ਦੀ ਕੋਈ ਵੀ ਸੋਧ ਨਹੀਂ ਕੀਤੀ ਜਾਵੇਗੀ। ਗਲਤ ਅੰਕ ਭਰੇ ਜਾਣ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ/ਅਧਿਆਪਕ ਦੀ ਹੋਵੇਗੀ ਅਤੇ ਜੇਕਰ ਸਕੂਲ ਮੁੱਖੀ/ਅਧਿਆਪਕ ਵੱਲੋਂ ਅੰਕ ਦਰਜ਼ ਕਰਨ ਸਬੰਧੀ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਸਬੰਧਤਾਂ ਵਿਰੁੱਧ ਬਣਦੀ ਕਾਰਵਾਈ ਲਈ ਸੰਬਧਤ ਵਿਭਾਗ ਨੂੰ ਲਿਖ ਦਿੱਤਾ ਜਾਵੇਗਾ।
08. ਨਿਰਧਾਰਤ ਮਿਤੀਆਂ ਤੋਂ ਬਾਅਦ ਕਿਸੇ ਵੀ ਹਾਲਤ ਵਿੱਚ INA ਅੰਕ ਭਰਨ ਲਈ ਪੋਰਟਲ ਲਾਈਵ ਨਹੀਂ ਕੀਤਾ ਜਾਵੇਗਾ।
09. INA ਕੇਵਲ On-Line ਹੀ ਦਫ਼ਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।
10. ਫਾਈਨਲ ਸਬਮਿਸ਼ਨ ਦਾ Original Print ਸਕੂਲ ਮੁੱਖੀ ਵੱਲੋਂ ਤਸਦੀਕ ਕਰਕੇ ਸਕੂਲ ਰਿਕਾਰਡ ਵਿੱਚ ਰੱਖਿਆ ਜਾਵੇ। ਫੋਟੋ ਸਟੇਟ ਕਾਪੀ ਰਿਕਾਰਡ ਵਿੱਚ ਨਾ ਰੱਖੀ ਜਾਵੇ।
11. ਅੱਠਵੀਂ/ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੀ INA/CCE ਭਰਨ ਲਈ ਮਿਤੀ: 10.02.2026 ਤੋਂ 25.02.2026 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ।

***ਨੋਟ:-*** ***INA/CCE ਦੇ ਅੰਕ ਭਰਨ ਤੋਂ ਪਹਿਲਾਂ ਸਕੂਲ ਮੁੱਖੀ ਸਾਰੇ ਪ੍ਰੀਖਿਆਰਥੀਆਂ ਦੀ ਵਿਸ਼ੇ ਵਾਰ CONSOLIDATED ਕਾਪੀ ਤਿਆਰ ਕਰਵਾ ਲੈਣ ਤਾਂ ਜੋ ਆਨ-ਲਾਈਨ ਅੰਕ ਭਰਨ ਵਿੱਚ ਕੋਈ ਦਿੱਕਤ ਨਾ ਆਵੇ। ਇਸ ਕੰਮ ਲਈ ਪੋਰਟਲ ਵਿੱਚ Rough Print ਲਿਆ ਜਾ ਸਕਦਾ ਹੈ, ਜਿਸ ਵਿੱਚ ਸਾਰੇ ਪ੍ਰੀਖਿਆਰਥੀਆਂ ਦੇ ਵਿਸ਼ੇ ਪ੍ਰਿੰਟ ਹੋਣਗੇ।***

| | | |
|---|---|---|
| 10/2/26 | 10/2/26 | 10/02/2026 |
| ਸੁਪਰਡੰਟ | ਸੁਪਰਡੰਟ | ਸੁਪਰਡੰਟ |
| (ਪ੍ਰੀਖਿਆ ਸ਼ਾਖਾ ਅੱਠਵੀਂ) | (ਪ੍ਰੀਖਿਆ ਸ਼ਾਖਾ ਦਸਵੀਂ) | (ਪ੍ਰੀਖਿਆ ਸ਼ਾਖਾ ਬਾਰ੍ਹਵੀਂ) |

10.02.26

ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ,
ਓਪਨ ਸਕੂਲ (ਪੰਜਾਬ)।

ਪੱਤਰ ਨੰ: ਪਸਸਬ/ (E-98205)/ਓ.ਸ/2026.....114............ਮਿਤੀ....05/01/2026

**ਵਿਸ਼ਾ- ਓਪਨ ਸਕੂਲ ਸੈਸ਼ਨ 2025-2026 ਦੇ ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਪੀ.ਸੀ.ਪੀ. ਦੌਰਾਨ ਆਂਤਰਿਕ ਮੁਲਾਂਕਣ ਟੈਸਟ/ਪ੍ਰੀ-ਬੋਰਡ ਪ੍ਰੀਖਿਆ ਦੇ ਲਿਖਤੀ ਵਿਸ਼ਾਵਾਰ ਅੰਕ ਬੋਰਡ ਪੋਰਟਲ ਤੇ ਅਪਲੋਡ ਕਰਨ ਸਬੰਧੀ।**

1. ਵਿਸ਼ੇ ਅੰਕਿਤ ਮਾਮਲੇ ਸਬੰਧੀ ਸਕੂਲ ਮੁੱਖੀ/ਪ੍ਰਿੰਸੀਪਲ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਕਾਦਮਿਕ ਸਾਲ 2025-26 ਲਈ ਸਕੂਲ ਪੱਧਰ ਤੇ ਪੀ.ਸੀ.ਪੀ. ਦੌਰਾਨ ਲਏ ਗਏ ਆਂਤਰਿਕ ਮੁਲਾਂਕਣ ਟੈਸਟ/ ਪ੍ਰੀ-ਬੋਰਡ ਪ੍ਰੀਖਿਆ ਦੇ ਲਿਖਤੀ ਵਿਸ਼ਾਵਾਰ ਅੰਕ ਦਫਤਰੀ ਰਿਕਾਰਡ ਹਿੱਤ ਲੋੜੀਂਦੇ ਹਨ।

2. ਓਪਨ ਸਕੂਲ ਵਿਦਿਆਰਥੀਆਂ ਦੇ ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੇ ਪੀ.ਸੀ.ਪੀ ਦੌਰਾਨ ਆਂਤਿਰਕ ਮੁਲਾਂਕਣ ਟੈਸਟ/ ਪ੍ਰੀ-ਬੋਰਡ ਪ੍ਰੀਖਿਆ ਦੇ ਲਿਖਤੀ ਵਿਸ਼ਾਵਾਰ ਅੰਕ ਬੋਰਡ ਪੋਰਟਲ ਤੇ ਮਿਤੀ 25-02-2026 ਤੱਕ ਅਪਲੋਡ ਕੀਤੇ ਜਾਣ।

3. ਸਬੰਧਤ ਅਧਿਐਨ ਕੇਂਦਰ ਵੱਲੋਂ ਸਮੁੱਚਾ ਰਿਕਾਰਡ ਰੱਖਿਆ ਜਾਵੇ, ਲੋੜ ਪੈਣ ਤੇ ਮੈਨੂਅਲ ਰਿਕਾਰਡ ਪੇਸ਼ ਕੀਤਾ ਜਾਵੇ।

4. ਅਧਿਐਨ ਕੇਂਦਰ ਵੱਲੋਂ ਮਿੱਥੇ ਸਮੇਂ ਤੱਕ ਅੰਕ ਬੋਰਡ ਪੋਰਟਲ ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ।

5. ਲੇਟ ਦਾਖਲ ਹੋਏ ਵਿਦਿਆਰਥੀਆਂ ਦੇ ਆਂਤਰਿਕ ਮੁਲਾਂਕਣ ਟੈਸਟ/ਪ੍ਰੀ-ਬੋਰਡ ਪ੍ਰੀਖਿਆ ਲੈਣ ਉਪਰੰਤ ਅੰਕ ਬੋਰਡ ਪੋਰਟਲ ਤੇ ਅਪਲੋਡ ਕੀਤੇ ਜਾਣ।

6. ਉਪਰੋਕਤ ਅਨੁਸਾਰ ਲੋੜੀਂਦੀ ਕਾਰਵਾਈ ਕਰਨ/ਕਰਵਾਉਣ ਦੀ ਜ਼ਿੰਮੇਵਾਰੀ ਸਕੂਲ ਮੁੱਖੀ/ ਪ੍ਰਿੰਸੀਪਲ ਦੀ ਹੋਵੇਗੀ। ਇਸ ਕਾਰਜ ਨੂੰ ਪਰਮ ਅਗੇਤ ਦਿੱਤੀ ਜਾਵੇ।

ਨੋਟ: (ਕੰਮ-ਕਾਜ ਵਾਲੇ ਦਿਨ ਸੰਪਰਕ ਕਰਨ ਲਈ ਫੋਨ ਨੰਬਰ)

ਦਸਵੀਂ ਸ਼੍ਰੇਣੀ ਲਈ- 01725227275, 01725227276, 01725227290, 01725227292
ਬਾਰ੍ਹਵੀਂ ਸ਼੍ਰੇਣੀ ਲਈ- 01725227319, 01725227318, 01725227314, 01725227305
ਓਪਨ ਸਕੂਲ ਸ਼ਾਖਾ- 01725227197, 01725227196, 01725227206.

05/01/2026

ਉੱਪ ਸਕੱਤਰ (ਪੰਜਾਬੀ ਵਿਕਾਸ ਸੈੱਲ ਅਤੇ ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner

ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਅਧਿਐਨ ਕੇਂਦਰ
ਪੰਜਾਬ ਓਪਨ ਸਕੂਲ

ਪਸਸਬ(E-98205)/2026/ਓ.ਸ. 115 ਮਿਤੀ 05/01/2026

**ਵਿਸ਼ਾ-ਓਪਨ ਸਕੂਲ ਪ੍ਰਨਾਲੀ ਅਧੀਨ ਅਕਾਦਮਿਕ ਸਾਲ 2025-26 ਦੀਆਂ ਸਲਾਨਾ ਪ੍ਰੀਖਿਆਵਾਂ ਸਬੰਧੀ ਹਦਾਇਤਾਂ।**

ਸਰਕੂਲਰ ਨੰਬਰ 2043/ਏ.ਪੀ ਮਿਤੀ 26-05-2025 ਦੀ ਲੋਅ ਵਿੱਚ ਓਪਨ ਸਕੂਲ ਪ੍ਰਨਾਲੀ ਦੇ ਅਧਿਐਨ ਕੇਂਦਰਾਂ ਨੂੰ ਹੇਠ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ:-

i ਓਪਨ ਸਕੂਲ ਪ੍ਰਨਾਲੀ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਲਾਗੂ ਸਕੀਮ ਆਫ ਸਟਡੀਜ਼ ਅਨੁਸਾਰ ਹਰੇਕ ਵਿਸ਼ੇ ਲਈ ਲਿਖਤੀ/ਪ੍ਰਯੋਗੀ (ਜਿੱਥੇ ਲਾਗੂ ਹੋਵੇ) ਅਤੇ ਅੰਤਰਿਕ ਮੁਲਾਂਕਣ ਅੰਕ ਬੋਰਡ ਵੱਲੋਂ ਨਿਰਧਾਰਤ ਕੀਤੇ ਗਏ ਹਨ।

ii ਅਧਿਐਨ ਕੇਂਦਰ ਵੱਲੋਂ ਸੰਚਾਲਿਤ ਕੀਤੇ ਜਾਂਦੇ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ) ਦੌਰਾਨ ਵਿਦਿਆਰਥੀਆਂ ਦੇ ਦੋ ਮੁਲਾਕਣ ਟੈਸਟ ਕੰਡਕਟ ਕੀਤੇ ਜਾਣਗੇ ਅਤੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਅੰਕ ਬੋਰਡ ਨੂੰ 25 ਫਰਵਰੀ 2026 ਤੱਕ ਭੇਜੇ ਜਾਣਗੇ।

iii ਓਪਨ ਸਕੂਲ ਪ੍ਰਨਾਲੀ ਅਧੀਨ ਦਾਖਲ ਹੋਏ ਵਿਦਿਆਰਥੀਆਂ ਲਈ ਪ੍ਰੀ-ਬੋਰਡ ਪ੍ਰੀਖਿਆ ਦੇਣੀ ਲਾਜ਼ਮੀ ਹੋਵੇਗੀ, ਜੋ ਕਿ ਅਧਿਐਨ ਕੇਂਦਰ ਵੱਲੋਂ ਦੂਜੇ ਵਿਅਕਤੀਗਤ ਪ੍ਰੋਗਰਾਮ (ਪੀ.ਸੀ.ਪੀ) ਦੌਰਾਨ ਲਈ ਜਾਵੇਗੀ ਅਤੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਅੰਕ ਬੋਰਡ ਨੂੰ 25 ਫਰਵਰੀ 2026 ਤੱਕ ਭੇਜੇ ਜਾਣਗੇ।

iv ਅਧਿਐਨ ਕੇਂਦਰ ਵੱਲੋਂ ਨਿਰਧਾਰਤ ਸਕੀਮ ਆਫ ਸਟੱਡੀਜ਼ ਅਨੁਸਾਰ ਉਪਰੋਕਤ ਦਰਜ ਟੈਸਟ/ਪ੍ਰੀਖਿਆ ਕੰਡਕਟ ਕਰਕੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੇ ਅੰਕਾਂ ਦੀ ਸੂਚੀ ਨਿਰਧਾਰਤ ਸ਼ਡਿਊਲ ਅਨੁਸਾਰ ਬੋਰਡ ਵੱਲੋਂ ਜਾਰੀ ਪੋਰਟਲ ਤੇ ਅਪਲੋਡ ਕੀਤੀ ਜਾਵੇਗੀ। ਹਰੇਕ ਅਧਿਐਨ ਕੇਂਦਰ ਵੱਲੋਂ ਇਸ ਸਬੰਧੀ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇ।

05/01/2026

ਉਪ ਸਕੱਤਰ (ਪੰਜਾਬੀ ਵਿਕਾਸ ਸੈੱਲ ਅਤੇ ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner